# ਸ਼ੁਰੂ ਕਰਨਾ

## ਸਿਵਲ ਰੈਜ਼ੋਲੂਸ਼ਨ ਟ੍ਰਿਬਿਊਨਲ (ਸੀ ਆਰ ਟੀ) ਕੋਲ ਕਲੇਮ ਸ਼ੁਰੂ ਕਰਨ ਤੋਂ ਪਹਿਲਾਂ ਮੈਨੂੰ ਕੀ ਕਰਨ ਦੀ ਲੋੜ ਹੈ?

ਸਿਵਲ ਰੈਜ਼ੋਲੂਸ਼ਨ ਟ੍ਰਿਬਿਊਨਲ (ਸੀ ਆਰ ਟੀ) ਕੋਲ ਕਲੇਮ ਕਰਨ ਤੋਂ ਪਹਿਲਾਂ, **ਤੁਹਾਨੂੰ ਸੋਲੂਸ਼ਨ ਐਕਸਪਲੋਰਰ ਵਰਤਣ ਦੀ ਲੋੜ ਹੈ।** ਇਸ ਉੱਪਰ ਜਾਣਕਾਰੀ ਅਤੇ ਟੂਲਜ਼ ਹਨ ਜਿਹੜੇ ਆਪਣੇ ਝਗੜੇ ਦਾ ਹੱਲ ਕਰਨ ਵਿਚ ਤੁਹਾਡੀ ਮਦਦ ਕਰ ਸਕਦੇ ਹਨ। ਇਸ ਦੇ ਨਾਲ ਹੀ, ਤੁਹਾਨੂੰ ਸਮੇਂ ਦੀਆਂ ਹੱਦਾਂ ਬਾਰੇ ਪੜ੍ਹਨਾ ਚਾਹੀਦਾ ਹੈ, ਅਤੇ ਆਪਣੇ ਪੇਪਰ ਇਕੱਠੇ ਕਰਨੇ ਚਾਹੀਦੇ ਹਨ।

### *ਸੋਲੂਸ਼ਨ ਐਕਸਪਲੋਰਰ ਨਾਲ ਸ਼ੁਰੂ ਕਰੋ*

ਝਗੜੇ ਦੀ ਹਰ ਕਿਸਮ ਲਈ ਸੋਲੂਸ਼ਨ ਐਕਸਪਲੋਰਰ ਹੈ। ਸੋਲੂਸ਼ਨ ਐਕਸਪਲੋਰਰ ਵਿਚਲੀ ਜਾਣਕਾਰੀ ਅੰਗਰੇਜ਼ੀ ਵਿਚ ਹੈ। ਜੇ ਤੁਹਾਨੂੰ ਅੰਗਰੇਜ਼ੀ ਪੜ੍ਹਨ ਵਿਚ ਔਖਿਆਈ ਹੈ ਤਾਂ ਅਸੀਂ ਤੁਹਾਨੂੰ ਉਤਸ਼ਾਹ ਦਿੰਦੇ ਹਾਂ ਕਿ ਤੁਸੀਂ ਸੋਲੂਸ਼ਨ ਐਕਸਪਲੋਰਰ ਨੂੰ ਵਰਤਣ ਵਿਚ ਆਪਣੀ ਮਦਦ ਲਈ ਪਰਿਵਾਰ ਦੇ ਕਿਸੇ ਮੈਂਬਰ, ਗੁਆਂਢੀ ਜਾਂ ਦੋਸਤ ਨੂੰ ਕਹੋ।

ਇਹ 3 ਮਿੰਟਾਂ ਦੀ ਵੀਡਿਓ ਤੁਹਾਨੂੰ ਇਹ ਦਿਖਾਏਗੀ ਕਿ ਸੋਲੂਸ਼ਨ ਐਕਸਪਲੋਰਰ ਦੀ ਵਰਤੋਂ ਕਿਵੇਂ ਕਰਨੀ ਹੈ।

| | | | |
|---|---|---|---|
| ਸਟਰੈਟਾ | ਛੋਟੇ ਕਲੇਮ | ਮੋਟਰ ਗੱਡੀ ਦੇ ਐਕਸੀਡੈਂਟ ਅਤੇ ਸੱਟਾਂ | ਸੁਸਾਇਟੀਜ਼ ਅਤੇ ਕੋਅਪਰੇਟਿਵ ਐਸੋਸੀਏਸ਼ਨਾਂ |

## ਸੀ ਆਰ ਟੀ ਕਿਸ ਕਿਸਮ ਦੇ ਝਗੜਿਆਂ ਵਿਚ ਤੁਹਾਡੀ ਮਦਦ ਕਰ ਸਕਦਾ ਹੈ?

ਸੀ ਆਰ ਟੀ ਝਗੜਿਆਂ ਦੇ 5,000 ਡਾਲਰ ਅਤੇ ਘੱਟ ਦੇ ਛੋਟੇ ਕਲੇਮ ਅਤੇ ਮੋਟਰ ਗੱਡੀ ਦੇ ਬਹੁਤੇ ਐਕਸੀਡੈਂਟਾਂ ਨਾਲ ਸੰਬੰਧਿਤ ਝਗੜੇ ਹੱਲ ਕਰ ਸਕਦਾ ਹੈ। ਸੀ ਆਰ ਟੀ ਕਿਸੇ ਵੀ ਰਕਮ ਦੇ ਸਟਰੈਟਾ (ਕੰਡੋਮੀਨੀਅਮ), ਸੁਸਾਇਟੀ, ਅਤੇ ਕੋਅਪਰੇਟਿਵ ਐਸੋਸੀਏਸ਼ਨ ਦੇ ਝਗੜੇ ਵੀ ਹੱਲ ਕਰ ਸਕਦਾ ਹੈ। ਜ਼ਿਆਦਾ ਜਾਣੋ।

### *ਸਟਰੈਟਾ ਝਗੜਾ (ਡਿਸਪਿਊਟ) ਕੀ ਹੈ?*

ਸਟਰੈਟਾ ਝਗੜਿਆਂ ਵਿਚ ਸਟਰੈਟਾ ਮਾਲਕਾਂ, ਕਿਰਾਏਦਾਰਾਂ, ਸਟਰੈਟਾਂ ਦੇ ਹਿੱਸਿਆਂ ਅਤੇ ਸਟਰੈਟਾ ਕਾਰਪੋਰੇਸ਼ਨਾਂ ਵਿਚਕਾਰ ਵੱਖ ਵੱਖ ਮਸਲੇ ਸ਼ਾਮਲ ਹਨ। ਉਦਾਹਰਣ ਲਈ, ਸਟਰੈਟਾ ਫੀਸਾਂ, ਜੁਰਮਾਨਿਆਂ, ਗੁਆਂਢੀਆਂ, ਬਾਈਲਾਜ਼ ਅਤੇ ਨਿਯਮਾਂ, ਗੜਬੜੀਆਂ, ਸਾਂਝੀ ਪ੍ਰਾਪਰਟੀ ਬਾਰੇ ਝਗੜੇ, ਅਤੇ ਇਸ ਚੀਜ਼ ਬਾਰੇ ਝਗੜੇ ਸ਼ਾਮਲ ਹਨ ਕਿ ਸਟਰੈਟਾ ਕੌਂਸਲ ਜਾਂ ਸੈਕਸ਼ਨ ਐਗਜ਼ੈਕਟਿਵ ਮੀਟਿੰਗਾਂ, ਸੁਣਵਾਈਆਂ ਅਤੇ ਹੋਰ ਕਾਰੋਬਾਰ ਕਿਵੇਂ ਕਰਦੀ ਹੈ। ਜ਼ਿਆਦਾ ਜਾਣੋ।

### *ਛੋਟੇ ਕਲੇਮਾਂ ਵਾਲਾ ਝਗੜਾ ਕੀ ਹੈ?*

ਛੋਟੇ ਕਲੇਮਾਂ ਵਾਲੇ ਝਗੜਿਆਂ ਵਿਚ ਵਿਅਕਤੀਆਂ ਅਤੇ ਸੰਸਥਾਵਾਂ ਵਿਚਕਾਰ ਵੱਖ ਵੱਖ ਕਿਸਮ ਦੇ ਮਸਲੇ ਆਉਂਦੇ ਹਨ। ਉਦਾਹਰਣ ਲਈ, ਚੀਜ਼ਾਂ ਜਾਂ ਸੇਵਾਵਾਂ ਖਰੀਦਣ ਜਾਂ ਵੇਚਣ, ਰਿਹਾਇਸ਼ੀ ਉਸਾਰੀ, ਰੁਜ਼ਗਾਰ ਦੇ ਕੁਝ ਕਲੇਮਾਂ, ਇਨਸ਼ੋਰੈਂਸ ਦੇ ਕਲੇਮਾਂ, ਨਿੱਜੀ ਸੱਟਾਂ ਅਤੇ ਹੋਰ ਕਈ ਕੁਝ ਬਾਰੇ ਝਗੜੇ ਸ਼ਾਮਲ ਹਨ। ਸਿਵਲ ਰੈਜ਼ੋਲੂਸ਼ਨ ਟ੍ਰਿਬਿਊਨਲ (ਸੀ ਆਰ ਟੀ) ਝਗੜਿਆਂ ਦੇ 5,000 ਡਾਲਰ ਤੱਕ ਦੇ ਛੋਟੇ ਕਲੇਮ ਹੱਲ ਕਰ ਸਕਦਾ ਹੈ। ਜ਼ਿਆਦਾ ਜਾਣੋ।

### *ਮੋਟਰ ਗੱਡੀ ਦੇ ਐਕਸੀਡੈਂਟ ਦਾ ਝਗੜਾ ਕੀ ਹੈ?*

ਜਦੋਂ ਲੋਕ ਮੋਟਰ ਗੱਡੀ ਦੇ ਕਿਸੇ ਐਕਸੀਡੈਂਟ ਵਿਚ ਜ਼ਖਮੀ ਹੁੰਦੇ ਹਨ ਤਾਂ ਸੀ ਆਰ ਟੀ ਝਗੜਿਆਂ ਦਾ ਹੱਲ ਕਰ ਸਕਦਾ ਹੈ। ਜਿਹੜੇ ਐਕਸੀਡੈਂਟ 1 ਅਪਰੈਲ, 2019 ਅਤੇ 1 ਮਈ, 2021 ਦੇ ਵਿਚਕਾਰ ਹੋਏ ਸਨ ਉਨ੍ਹਾਂ ਲਈ ਇਸ ਵਿਚ ਸ਼ਾਮਲ ਹੈ:

- 50,000 ਡਾਲਰ ਤੱਕ ਦੇ ਮੁਆਵਜ਼ੇ ਲਈ ਕਲੇਮ
- ਇਹ ਫੈਸਲਾ ਕਰਨਾ ਕਿ ਕੀ ਕੋਈ ਸੱਟ "ਮਾਮੂਲੀ ਸੱਟ" ਹੈ

- ਐਕਸੀਡੈਂਟ ਬੈਨੇਫਿਟਸ ਲਈ ਹੱਕਦਾਰੀ ਦਾ ਫੈਸਲਾ

1 ਮਈ 2021 ਨੂੰ ਜਾਂ ਉਸ ਤੋਂ ਬਾਅਦ ਹੋਣ ਵਾਲੇ ਐਕਸੀਡੈਂਟਾਂ ਦੇ ਸੰਬੰਧ ਵਿਚ ਸੀ ਆਰ ਟੀ ਵਧਾਏ ਗਏ ਐਕਸੀਡੈਂਟ ਬੈਨੇਫਿਟਸ ਲਈ ਹੱਕਦਾਰੀ ਦਾ ਫੈਸਲਾ ਕਰ ਸਕਦਾ ਹੈ ਜੋ ਕਿ ਸਿਰਫ 1 ਮਈ, 2021 ਤੋਂ ਉਪਲਬਧ ਹਨ। ਬਹੁਤੇ ਕੇਸਾਂ ਵਿਚ, ਹੁਣ 1 ਮਈ, 2021 ਤੋਂ ਬਾਅਦ ਹੋਏ ਕਿਸੇ ਐਕਸੀਡੈਂਟ ਲਈ ਜ਼ਿੰਮੇਵਾਰ ਵਿਅਕਤੀ ਖਿਲਾਫ ਲੋਕ ਮੁਆਵਜ਼ੇ ਦਾ ਕਲੇਮ ਨਹੀਂ ਕਰ ਸਕਦੇ। ਜ਼ਿਆਦਾ ਜਾਣੋ।

### *ਸੁਸਾਇਟੀ ਜਾਂ ਕੋਅਪਰੇਟਿਵ ਐਸੋਸੀਏਸ਼ਨ ਦਾ ਝਗੜਾ ਕੀ ਹੈ?*

ਸੁਸਾਇਟੀਆਂ ਅਤੇ ਕੋਅਪਰੇਟਿਵ ਐਸੋਸੀਏਸ਼ਨਾਂ ਦੇ ਝਗੜੇ ਬੀ ਸੀ ਦੀਆਂ ਉਨ੍ਹਾਂ ਸੁਸਾਇਟੀਆਂ ਬਾਰੇ ਹੋ ਸਕਦੇ ਹਨ ਜਿਹੜੀਆਂ ਬੀ ਸੀ ਕਾਰਪੋਰੇਟ ਰਜਿਸਟਰੀ ਨਾਲ ਇਨਕਾਰਪੋਰੇਟਿਡ ਹਨ, ਅਤੇ ਹਾਊਜ਼ਿੰਗ ਅਤੇ ਕਮਿਊਨਟੀ ਸਰਵਿਸ ਕੋਅਪਰੇਟਿਵ ਐਸੋਸੀਏਸ਼ਨਾਂ ਬਾਰੇ ਹੋ ਸਕਦੇ ਹਨ।

ਸੀ ਆਰ ਟੀ, ਕੋਅਪਰੇਟਿਵਜ਼ ਦੀਆਂ ਹੋਰ ਕਿਸਮਾਂ, ਇਨਕਾਰਪੋਰੇਟਿਡ ਨਾ ਹੋਈਆਂ ਸੁਸਾਇਟੀਆਂ, ਬੀ ਸੀ ਤੋਂ ਬਾਹਰ ਇਨਕਾਰਪੋਰੇਟਿਡ ਹੋਈਆਂ ਸੁਸਾਇਟੀਆਂ, ਜਾਂ "ਮੁਨਾਫੇ ਲਈ" ਬਣੀਆਂ ਸੁਸਾਇਟੀਆਂ ਬਾਰੇ ਝਗੜਿਆਂ ਦੇ ਹੱਲ ਨਹੀਂ ਕਰ ਸਕਦਾ। ਜ਼ਿਆਦਾ ਜਾਣੋ।

## ਝਗੜੇ ਦੇ ਹੱਲ ਲਈ ਅਪਲਾਈ ਕਰਨ ਲਈ ਮੈਨੂੰ ਕਿਹੜੀ ਜਾਣਕਾਰੀ ਦੀ ਲੋੜ ਹੈ?

ਆਪਣੀ ਐਪਲੀਕੇਸ਼ਨ ਸ਼ੁਰੂ ਕਰਨ ਤੋਂ ਪਹਿਲਾਂ, ਇਹ ਪੱਕਾ ਕਰੋ ਕਿ ਤੁਹਾਡੇ ਕੋਲ ਅੱਗੇ ਦੱਸੀ ਸਾਰੀ ਜਾਣਕਾਰੀ ਤਿਆਰ ਹੈ।

- ਸਾਰੇ ਅਰਜ਼ੀਕਰਤਾਵਾਂ (ਐਪਲੀਕੈਂਟਸ) ਦੇ ਨਾਂ, ਚਿੱਠੀ ਪੱਤਰ ਦੇ ਐਡਰੈਸ, ਫੋਨ ਨੰਬਰ ਅਤੇ ਈਮੇਲ ਐਡਰੈਸ
- ਸਾਰੇ ਉੱਤਰਦਾਇਕਾਂ (ਰਿਸਪੌਂਡੈਂਟਸ) ਦੇ ਨਾਂ ਅਤੇ ਚਿੱਠੀ ਪੱਤਰ ਦੇ ਐਡਰੈਸ
- ਜੇ ਝਗੜੇ ਵਿਚ ਸਟਰੈਟਾ ਸ਼ਾਮਲ ਹੈ ਤਾਂ ਸਟਰੈਟਾ ਕਾਪੋਰੇਸ਼ਨ ਦਾ ਕਾਨੂੰਨੀ ਨਾਂ (ਜਿਵੇਂ ਕਿ ਸਟਰੈਟਾ ਪਲੈਨ `ਤੇ ਦਿਖਾਇਆ ਗਿਆ ਹੈ) ਅਤੇ ਐਡਰੈਸ
- ਜੇ ਝਗੜੇ ਵਿਚ ਸਟਰੈਟਾ ਸੈਕਸ਼ਨ ਸ਼ਾਮਲ ਹੈ ਤਾਂ ਸਟਰੈਟਾ ,ਸੈਕਸ਼ਨ ਦਾ ਕਾਨੂੰਨੀ ਨਾਂ (ਬਾਈਲਾਅਜ਼ ਵਿਚ ਦਿੱਤਾ ਗਿਆ) ਅਤੇ ਐਡਰੈਸ

- ਜੇ ਤੁਹਾਡਾ ਝਗੜਾ ਕਿਸੇ ਬਿਜ਼ਨਸ ਜਾਂ ਸੰਸਥਾ ਦੇ ਖਿਲਾਫ ਹੈ ਤਾਂ ਬਿਜ਼ਨਸ ਜਾਂ ਸੰਸਥਾ ਦਾ ਕਾਨੂੰਨੀ ਨਾਂ ਅਤੇ ਇਸ ਦਾ ਚਿੱਠੀ ਪੱਤਰ ਦਾ ਐਡਰੈਸ। ਜੇ ਤੁਹਾਨੂੰ ਉਸ ਬਿਜ਼ਨਸ ਦੇ ਨਾਂ ਦਾ ਪੱਕਾ ਪਤਾ ਨਾ ਹੋਵੇ ਜਿਸ ਦੇ ਖਿਲਾਫ ਤੁਹਾਡਾ ਕਲੇਮ ਹੈ ਤਾਂ ਆਪਣੀ ਰਸੀਦ ਜਾਂ ਕੌਨਟਰੈਕਟ ਚੈੱਕ ਕਰੋ ਜਾਂ ਜਿੱਥੇ ਬਿਜ਼ਨਸ ਸਥਿਤ ਹੈ, ਉੱਥੇ ਦੇ ਮਿਉਂਨਿਸਪਲ ਜਾਂ ਸਿਟੀ ਹਾਲ ਦੇ ਲੋਕਲ ਬਿਜ਼ਨਸ ਲਾਇਸੰਸ ਆਫਿਸ ਨਾਲ ਸੰਪਰਕ ਕਰੋ। ਬਿਜ਼ਨਸ ਦਾ ਸਹੀ ਨਾਂ ਅਤੇ ਮਾਲਕ ਦਾ ਨਾਂ ਪੁੱਛੋ
- ਜੇ ਉੱਤਰਦਾਇਕ ਕੋਈ ਸੁਸਾਇਟੀ ਜਾ ਕੋਅਪਰੇਟਿਵ ਐਸੋਸੀਏਸ਼ਨ ਹੈ ਤਾਂ ਸੁਸਾਇਟੀ ਜਾ ਕੋਅਪਰੇਟਿਵ ਐਸੋਸੀਏਸ਼ਨ ਦਾ ਕਾਨੂੰਨੀ ਨਾਂ
- ਝਗੜੇ ਦਾ ਵੇਰਵਾ, ਸਮੇਤ ਇਸ ਦੇ ਕਿ ਕੀ ਹੋਇਆ ਹੈ
- ਤੁਸੀਂ ਦੂਜੀ ਧਿਰ ਤੋਂ ਕੀ ਕਰਵਾਉਣਾ ਚਾਹੁੰਦੇ ਹੋ, ਸਮੇਤ ਉਨ੍ਹਾਂ ਪੈਸਿਆਂ ਦੇ ਜਿਹੜੇ ਤੁਸੀਂ ਉਨ੍ਹਾਂ ਤੋਂ ਚਾਹੁੰਦੇ ਹੋ। ਇਹ ਗੱਲ ਨੋਟ ਕਰੋ ਕਿ ਤੁਸੀਂ ਸੀ ਆਰ ਟੀ ਦੇ ਛੋਟੇ ਕਲੇਮ ਵਿਚ ਵੱਧ ਤੋਂ ਵੱਧ 5,000 ਡਾਲਰ ਦੀ ਰਕਮ ਦਾ ਕਲੇਮ ਕਰ ਸਕਦੇ ਹੋ, ਜਿਸ ਵਿਚ ਸੀ ਆਰ ਟੀ ਨੂੰ ਦਿੱਤੀਆਂ ਜਾਣ ਵਾਲੀਆਂ ਫੀਸਾਂ, ਖਰਚੇ ਅਤੇ ਵਿਆਜ ਸ਼ਾਮਲ ਨਹੀਂ ਹਨ (ਜੇ ਤੁਹਾਡਾ ਦੂਜੀ ਧਿਰ ਨਾਲ ਵਿਆਜ ਦਾ ਕੋਈ ਖਾਸ ਰੇਟ ਦੇਣ ਲਈ ਐਗਰੀਮੈਂਟ ਨਹੀਂ ਹੈ)
- ਆਪਣੇ ਨੁਮਾਇੰਦੇ ਦਾ ਨਾਂ ਅਤੇ ਸੰਪਰਕ ਜਾਣਕਾਰੀ, ਜੇ ਤੁਸੀਂ ਸੀ ਆਰ ਟੀ ਨਾਲ ਆਪਣੇ ਕਲੇਮ ਲਈ ਕਿਸੇ ਨੂੰ ਨੁਮਾਇੰਦਾ ਰੱਖਣਾ ਚਾਹੁੰਦੇ ਹੋ। ਜੇ ਤੁਹਾਡਾ ਝਗੜਾ ਮੋਟਰ ਗੱਡੀ ਦੇ ਕਿਸੇ ਐਕਸੀਡੈਂਟ ਤੋਂ ਲੱਗੀਆ ਸੱਟਾਂ ਬਾਰੇ ਹੈ ਤਾਂ ਤੁਹਾਨੂੰ ਵਕੀਲ ਕਰਨ ਲਈ ਸੀ ਆਰ ਟੀ ਤੋਂ ਆਗਿਆ ਲੈਣ ਦੀ ਲੋੜ ਨਹੀਂ ਹੈ। ਪਰ ਬਾਕੀ ਸਾਰੇ ਝਗੜਿਆਂ ਲਈ, ਨੁਮਾਇੰਦਾ ਰੱਖਣ ਲਈ ਤੁਹਾਨੂੰ ਸੀ ਆਰ ਟੀ ਤੋਂ ਆਗਿਆ ਲੈਣੀ ਪਵੇਗੀ ਅਤੇ ਇਹ ਦੱਸਣਾ ਪਵੇਗਾ ਕਿ ਤੁਹਾਡੇ ਲਈ ਨੁਮਾਇੰਦਾ ਰੱਖਣਾ "ਇਨਸਾਫ ਅਤੇ ਨਿਰਪੱਖਤਾ ਦੇ ਹਿੱਤ" ਵਿਚ ਕਿਉਂ ਹੈ।
- ਸੀ ਆਰ ਟੀ ਦੀਆਂ ਫੀਸਾਂ ਦੇਣ ਲਈ ਕਰੈਡਿਟ ਕਾਰਡ ਜਾਂ ਚੈੱਕ।
- ਜੇ ਤੁਸੀਂ ਫੀਸਾਂ ਨਾ ਦੇ ਸਕਦੇ ਹੋਵੋ ਅਤੇ ਚਾਹੁੰਦੇ ਹੋਵੋ ਕਿ ਸਿਵਲ ਰੈਜ਼ੋਲੂਸ਼ਨ ਟ੍ਰਿਬਿਊਨਲ (ਸੀ ਆਰ ਟੀ) ਫੀਸਾਂ ਤੋਂ ਛੋਟ ਦੇਵੇ ਤਾਂ ਤੁਹਾਨੂੰ ਆਪਣੇ ਘਰ ਦੀ ਆਮਦਨ ਬਾਰੇ ਜਾਣਕਾਰੀ ਦੇਣ ਦੀ ਲੋੜ ਪਵੇਗੀ, ਜਿਸ ਵਿਚ ਤੁਹਾਡੇ ਪਰਿਵਾਰ ਦੇ ਆਕਾਰ ਬਾਰੇ ਵੇਰਵੇ ਅਤੇ ਤੁਹਾਡੀ ਕਿਸੇ ਵੀ ਪ੍ਰਾਪਰਟੀ ਦੀ ਕੀਮਤ ਦੇ ਵੇਰਵੇ ਸ਼ਾਮਲ ਹਨ

## ? ਸੀ ਆਰ ਟੀ ਦੇ ਨਿਯਮ ਕੀ ਹਨ?

ਸਿਵਲ ਰੈਜ਼ੋਲੂਸ਼ਨ ਟ੍ਰਿਬਿਊਨਲ ਐਕਟ ਹੇਠ, ਸਾਡੇ ਕੋਲ ਨਿਯਮਾਂ ਦਾ ਸੈੱਟ ਹੋਣਾ ਜ਼ਰੂਰੀ ਹੈ। ਨਿਯਮ ਇਕ ਕਿਸਮ ਦੀ ਹਿਦਾਇਤਾਂ ਦੀ ਗਾਈਡ ਹੈ। ਇਹ ਸੀ ਆਰ ਟੀ ਨੂੰ ਨਿਰਪੱਖ, ਪਾਰਦਰਸ਼ੀ ਅਤੇ ਇਕਸਾਰ ਬਣਾਉਣ ਵਿਚ ਮਦਦ ਕਰਦੇ ਹਨ। ਜ਼ਿਆਦਾ ਜਾਣੋ।

---

## ਕੀ ਮੇਰੇ ਛੋਟੇ ਕਲੇਮਾਂ ਦੇ ਝਗੜੇ ਬੀ ਸੀ ਨਾਲ ਸੰਬੰਧ ਰੱਖਦੇ ਹਨ?

ਇਹ ਜਾਣਨਾ ਔਖਾ ਹੋ ਸਕਦਾ ਹੈ ਕਿ ਕਲੇਮ ਕਿੱਥੇ ਕੀਤਾ ਜਾਣਾ ਚਾਹੀਦਾ ਹੈ ਜੇ ਇਸ ਵਿਚ ਉਹ ਲੋਕ ਅਤੇ ਘਟਨਾਵਾਂ ਸ਼ਾਮਲ ਹੋਣ ਜਿਹੜੀਆਂ ਕੈਨੇਡਾ ਦੇ ਇਕ ਸੂਬੇ ਜਾਂ ਟੈਰੀਟਰੀ ਨਾਲੋਂ ਜ਼ਿਆਦਾ ਵਿਚ, ਜਾਂ ਹੋਰ ਦੇਸ਼ਾਂ ਵਿਚ ਵਾਪਰੀਆਂ ਹੋਣ।

ਸੀ ਆਰ ਟੀ ਨੂੰ ਇਹ ਜਾਣਨ ਦੀ ਲੋੜ ਹੋ ਸਕਦੀ ਹੈ ਕਿ ਕੀ ਜਿਨ੍ਹਾਂ ਘਟਨਾਵਾਂ ਕਰਕੇ ਕਲੇਮ ਪੈਦਾ ਹੋਇਆ ਕੀ ਉਹ ਬੀ ਸੀ ਵਿਚ ਹੋਈਆਂ ਸਨ, ਜਾਂ ਜਿਸ ਵਿਅਕਤੀ ਖਿਲਾਫ ਕਲੇਮ ਕੀਤਾ ਗਿਆ ਹੈ (ਜਿਸ ਨੂੰ ਰਿਸਪੌਂਡੈਂਟ ਭਾਵ ਉੱਤਰਦਾਇਕ ਆਖਿਆ ਜਾਂਦਾ ਹੈ) ਕੀ ਉਹ ਬੀ ਸੀ ਵਿਚ ਰਹਿੰਦਾ ਹੈ। ਭਾਵੇਂ ਕਲੇਮ ਪੈਦਾ ਕਰਨ ਵਾਲੀਆਂ ਘਟਨਾਵਾਂ ਬੀ ਸੀ ਵਿਚ ਹੀ ਹੋਈਆਂ ਹੋਣ ਜਾਂ ਭਾਵੇਂ ਉੱਤਰਦਾਇਕ ਬੀ ਸੀ ਵਿਚ ਹੀ ਰਹਿੰਦਾ ਹੋਵੇ, ਸੀ ਆਰ ਟੀ ਅਜੇ ਵੀ ਇਹ ਫੈਸਲਾ ਕਰ ਸਕਦਾ ਹੈ ਕਿ ਉਹ ਝਗੜੇ ਦਾ ਹੱਲ ਕਰਨ ਦੇ ਯੋਗ ਨਹੀਂ ਹੈ। ਜ਼ਿਆਦਾ ਜਾਣੋ।